ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961ਦੇ ਪੰਜਾਬ ਐਕਟ ਨੰ:35 ਸਥਾਪਤ)
ਪ੍ਰੈਕਟੀਕਲ-ਸ਼ਾਖਾ

ਨੰਬਰ: 211/ਪ੍ਰੈਕਟੀਕਲ
ਮਿਤੀ: 15-5-2024

ਪ੍ਰਿੰਸੀਪਲ ਸਾਹਿਬਾਨ
ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ
(ਜਿਥੇ M.Ed/M.A. Edu. ਕੋਰਸ ਚੱਲ ਰਹੇ ਹਨ)

ਵਿਸ਼ਾ: ਮਈ-2024 ਪ੍ਰੈਕਟੀਕਲ ਪ੍ਰੀਖਿਆਵਾਂ ਐਮ.ਐਡ/ਐਮ.ਏ. ਐਜੂਕੇਸ਼ਨ ਭਾਗ ਦੂਜਾ (ਸਮੈਸਟਰ ਚੌਥਾ) ਦੇ ਡੈਜਰਟੇਸ਼ਨ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਉੱਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਐਮ.ਐਡ./ਐਮ.ਏ. ਐਜੂਕੇਸ਼ਨ ਭਾਗ ਦੂਜਾ (ਸਮੈਸਟਰ ਚੌਥਾ) ਦੇ ਡੈਜਰਟੇਸ਼ਨ ਪ੍ਰੀਖਿਆ ਸ਼ਾਖਾ (ਪ੍ਰੈਕਟੀਕਲ ਬ੍ਰਾਂਚ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹਾਰਡ ਕਾਪੀ ਨਾ ਭੇਜੀ ਜਾਵੇ। ਯੂਨੀਵਰਸਿਟੀ ਵੱਲੋ ਨਿਯੁੱਕਤ ਪ੍ਰੈਕਟੀਕਲ ਪ੍ਰੀਖਿਅਕ ਨੂੰ ਉਹਨਾਂ ਦੀ ਮੰਗ ਅਨੁਸਾਰ ਡੈਸਰਟੇਸ਼ਨ ਦੀ ਹਾਰਡ਼ ਕਾਪੀ ਜਾਂ ਸਾਫ਼ਟ ਕਾਪੀ ਪ੍ਰੈਕਟੀਕਲ ਪ੍ਰੀਖਿਆ ਵਾਲੇ ਦਿਨ ਜਾਂ ਪਹਿਲਾਂ ਮੁਹੱਈਆ ਕਰਵਾਉਣ ਦੀ ਕ੍ਰਿਪਾਲਤਾ ਕਰਨੀ,ਜੀ।

ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਦੇ ਸਮੂਹ ਪ੍ਰਿੰਸੀਪਲ ਸਾਹਿਬਾਨ ਹਰ ਇੱਕ ਵਿਦਿਆਰਥੀ ਦੇ ਡੈਜਰਟੇਸ਼ਨ ਦੀ ਹਾਰਡ ਕਾਪੀ ਅਤੇ ਸਾਫਟ ਕਾਪੀ (ਪੀ.ਡੀ.ਐਫ. ਫਾਰਮੈਟ) ਆਪਣੇ ਕੋਲ ਘੱਟੋ-ਘੱਟ ਇੱਕ ਸਾਲ ਲਈ ਰੱਖਣ ਤਾਂ ਕਿ ਕਿਸੇ ਵੀ ਕਿਸਮ ਦੀ ਆਰ.ਟੀ.ਆਈ./ਕੋਰਟ ਕੇਸ ਆਦਿ ਲਈ ਲੋੜ ਪੈਣ ਤੇ ਆਪਜੀ ਪਾਸੋਂ ਸਬੰਧਿਤ ਵਿਦਿਆਰਥੀ ਦਾ ਡੈਜਰਟੇਸ਼ਨ ਮੰਗ ਲਿਆ ਜਾਵੇਗਾ, ਜੀ।

ਐਮ.ਐਡ/ਐਮ.ਏ. ਐਜੂਕੇਸ਼ਨ ਭਾਗ ਦੂਜਾ (ਸਮੈਸਟਰ ਚੌਥਾ) ਦੇ ਡੈਜਰਟੇਸ਼ਨ ਦਾ ਵਾਈਵਾ ਯੂਨੀਵਰਸਿਟੀ ਨਿਯਮਾਂ/ਸਿਲੇਬਸ ਦੇ ਅਨੁਸਾਰ ਵਿਦਿਆਰਥੀਆਂ ਦੇ ਥਿਊਰੀ ਪੇਪਰਾਂ ਤੋਂ ਬਾਅਦ ਕਰਵਾ ਲਿਆ ਜਾਵੇਗਾ।

ਵਿਸ਼ਵਾਸ਼ਪਾਤਰ,

ਨਿਗਰਾਨ (ਪ੍ਰੈਕਟੀਕਲ)
ਵਾਸਤੇ ਕੰਟਰੋਲਰ (ਪ੍ਰੀਖਿਆਵਾਂ)